## *ਗਲੋਬਲਾਈਜੇਸ਼ਨ ਤੇ ਪੰਜਾਬੀ ਸੱਭਿਆਚਾਰ ਦਾ ਬਦਲਦਾ ਮੁਹਾਂਦਰਾ : ਵੰਗਾਰਾਂ ਤੇ ਚੁਣੌਤੀਆਂ*

### *( ਪੰਜਾਬੀ ਲੋਕ-ਗਾਇਕੀ /ਗੀਤਕਾਰੀ ਤੇ ਫਿਲਮਾਂਕਣ ਦੇ ਵਿਸ਼ੇਸ਼ ਸੰਦਰਭ ਵਿੱਚ )*

ਪਰਮਪਾਲ ਸਿੰਘ ਬਾਦਲ
ਪਿੰਡ- ਬਾਦਲ , ਤਹਿ - ਮਲੋਟ ,
ਜ਼ਿਲ੍ਹਾ -ਸ੍ਰੀ ਮੁਕਤਸਰ ਸਾਹਿਬ
ਮੋਬਾਇਲ ਨੰ: 98158-95184
ਈ .ਮੇਲ : **parmpal_badal83@rediffmail.com**

ਅਜੋਕੇ ਸਮਾਜ ਨੂੰ ਇੱਕ ਗਲੋਬਲ ਪਿੰਡ ਵਜੋਂ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ । ਇਸ ਦਾ ਭਾਵ ਇਹ ਹੈ ਕਿ ਸੂਚਨਾ ਤੇ ਤਕਨਾਲੋਜੀ ਦੇ ਵਿਸਫੋਟ ਨੇ ਦੁਨੀਆ ਨੂੰ ਇੱਕ '**ਗਲੋਬਲ ਪਿੰਡ**' ਵਿੱਚ ਬਦਲ ਕੇ ਰੱਖ ਦਿੱਤਾ ਹੈ । ਖੂਹ ਦੇ ਡੱਡੂ ਹੁਣ ਸੱਤ ਪੱਤਣਾਂ ਦੇ ਤਾਰੂ ਬਣਕੇ ਦੂਰ ਤੱਕ ਨਜ਼ਰ ਘੁਮਾ ਰਹੇ ਹਨ । ਵਿਸ਼ਵੀਕਰਨ ਅਸਲ ਵਿੱਚ ਵਪਾਰੀਕਰਨ ਦਾ ਹੀ ਦੂਸਰਾ ਨਾਂ ਹੈ । ਇਸ ਲਈ ਅਸੀਂ 'ਗਲੋਬਲ ਪਿੰਡ' ਦੇ ਨਾਲ-ਨਾਲ ਗਲੋਬਲ ਮੰਡੀ ਦੇ ਗਾਹਕ ਵੀ ਬਣੇ ਹਾਂ । ਮਲਟੀਨੈਸ਼ਨਲ ਕੰਪਨੀਆਂ ਸੂਚਨਾ / ਤਕਨਾਲੋਜੀ ਅਤੇ ਮੀਡੀਆ ਉੱਤੇ ਅਪਣਾ ਅਧਿਕਾਰ ਜਮਾ ਕੇ ਗ਼ਰੀਬ ਮੁਲਕਾਂ ਵਿੱਚ ਆਪਣਾ ਮਾਲ ਵੇਚਣ ਦਾ ਹਰ ਸੰਭਵ ਜਤਨ ਕਰ ਰਹੀਆਂ ਹਨ । ਇਨ੍ਹਾਂ ਲੋਟੂ ਵਪਾਰਕ ਕੰਪਨੀਆਂ ਨੇ ਗਰੀਬ ਮੁਲਕਾਂ ਦੇ ਲੋਕਾਂ ਉੱਤੇ ਅਪਣੀਆਂ ਵਸਤਾਂ ਦਾ ਚਮਤਕਾਰੀ ਪ੍ਰਭਾਵ ਪਾਉਣ ਲਈ ਉਨ੍ਹਾਂ ਦੀਆਂ ਸੱਭਿਆਚਾਰਕ ਪਰੰਪਰਾਵਾਂ ਨੂੰ ਸਮਝ ਕੇ ਉਨ੍ਹਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਹੈ । ਫਲਸਰੂਪ ਪੈਸਾ ਬਟੋਰਨ ਲਈ ਅਜਿਹਾ ਖਪਤਕਾਰੀ ਸੱਭਿਆਚਾਰ ਪੈਦਾ ਕੀਤਾ ਜਾ ਰਿਹਾ ਹੈ,ਜੋ ਪਰਸਪਰ ਸਹਿਯੋਗ ਦੀ ਥਾਂ ਗਲ ਵੱਢ ਮੁਕਾਬਲੇ ਦੀ ਧਾਰਨਾ ਉੱਤੇ ਕੰਮ ਕਰ ਰਿਹਾ ਹੈ। ਮਲਟੀਨੈਸ਼ਨਲ ਕੰਪਨੀਆਂ ਆਪਣੇ ਮਾਲ / ਵਸਤਾਂ ਉੱਤੇ ਗਰੀਬ ਮੁਲਕਾਂ ਦੇ ਸੱਭਿਆਚਾਰ ਦਾ ਪਲੇਥਣ ਲਾ ਕੇ ਦਿਲ ਫਰੇਬ ,ਰੰਗੀਨ ਅਤੇ ਲਭਾਉਣੀਆਂ ਵਿਗਿਆਪਨ ਚਾਲਾਂ /ਇਸ਼ਤਿਹਾਰਬਾਜ਼ੀ ਰਾਹੀਂ ਵਸਤਾਂ ਨੂੰ ਖਰੀਦਣ ਦੀ ਅੰਨ੍ਹੀ ਉਤੇਜਨਾ ਪੈਦਾ ਕਰ ਰਹੀਆਂ ਹਨ । ਫਲਸਰੂਪ ਗਰੀਬ ਮੁਲਕਾਂ ਦੇ ਬਾਸ਼ਿੰਦੇ ਲਭਾਉਣੀ ਇਸ਼ਤਿਹਾਰਬਾਜ਼ੀ /ਵਿਗਿਆਪਨਾਂ ਦੇ ਮੱਕੜ ਜਾਲ ਵਿੱਚ ਫਸੇ ਗਿਆਨ ਵਿਹੂਣੀ ਜਾਣਕਾਰੀ ਤੇ ਦੂਰਦ੍ਰਿਸ਼ਟਾ ਵਿਹੂਣੇ ਗਿਆਨ ਦੇ ਰਸਤੇ ਉੱਪਰ ਚਲਦੇ ਹੋਏ ਆਪਣਾ ਸ਼ੋਸ਼ਣ ਕਰਵਾ ਰਹੇ ਹਨ। ਇਹਨਾਂ ਵਪਾਰਕ ਕੰਪਨੀਆਂ ਦੁਆਰਾ ਪੈਦਾ ਕੀਤਾ ਜਾ ਰਿਹਾ ਪਰਜੀਵੀ ਸੱਭਿਆਚਾਰ ਗਰੀਬ ਮੁਲਕਾਂ ਦੇ ਸੱਭਿਆਚਾਰ ਨੂੰ ਹੌਲੀ ਹੌਲੀ ਨਿਗਲ ਰਿਹਾ ਹੈ । ਏਹੀ **ਪਰਜੀਵੀ ਸੱਭਿਆਚਾਰ** ਗਰੀਬ ਮੁਲਕਾਂ / ਤੀਜੀ ਦੁਨੀਆ ਦੇ ਬਾਸ਼ਿੰਦਿਆਂ ਦੀ ਜੀਵਨ ਸ਼ੈਲੀ ਦਾ ਹਿੱਸਾ ਬਣਦਾ ਨਜ਼ਰ ਆ ਰਿਹਾ ਹੈ ।

ਪੰਜਾਬ ਦੇ ਅਮੀਰ ਸੱਭਿਆਚਾਰ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਦਯੋਗਪਤੀਆਂ ਅਤੇ ਬਹੁ-ਦੇਸੀ ਕੰਪਨੀਆਂ ਨੇ ਇਸ ਨੂੰ ( ਪੰਜਾਬੀ ਸੱਭਿਆਚਾਰ ਨੂੰ ) ਵੀ ਆਪਣੀਆਂ ਵਸਤਾਂ ਵੇਚਣ ਲਈ ਜਾਂ ਹੋਰ ਵਪਾਰਕ ਮਨੋਰੱਥ ਲਈ ਵਰਤਣਾ / ਵੇਚਣਾ ਸ਼ੁਰੂ ਕਰ ਦਿੱਤਾ ਹੈ । ਜਿਸ ਸਦਕਾ ਪੰਜਾਬੀ ਸੱਭਿਆਚਾਰ ਵਿੱਚ ਬੜੀ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ । ਗਲੋਬਲਾਈਜੇਸ਼ਨ ਦੀ ਤੇਜ਼ ਹਨੇਰੀ ਨੇ ਪੰਜਾਬੀਆਂ ਦਾ ਰਹਿਣ - ਸਹਿਣ , ਖਾਣ-ਪੀਣ, ਮਨੋਰੰਜਨ ,

ਲੋਕ-ਖੇਡਾਂ , ਲੋਕ-ਕਿੱਤੇ ,ਲੋਕ-ਕਲਾਵਾਂ , ਰਸਮ ਰਿਵਾਜ , ਮੇਲੇ-ਤਿਉਹਾਰ , ਵਹਿਮ-ਭਰਮ , ਲੋਕ-ਵਿਸ਼ਵਾਸ , ਗੀਤ-ਸੰਗੀਤ ਅਤੇ ਪੰਜਾਬੀ ਸੱਭਿਆਚਾਰ ਦੀਆਂ ਵਧੀਆ, ਸ਼ਾਨਦਾਰ, ਅਗਾਂਹਵਧੂ , ਉਸਾਰੂ ਅਤੇ ਸਿਹਤਮੰਦ ਰਵਾਇਤਾਂ ਭੰਗ ਕਰਕੇ ਰਖ ਦਿੱਤੀਆਂ ਹਨ । ਜਿਸ ਸਦਕਾ ਪੰਜਾਬੀਆਂ ਦੀ ਨਵੇਕਲੀ ਪਛਾਣ ਦਿਨੋ-ਦਿਨ ਗੁੰਮ ਹੋ ਰਹੀ ਹੈ । ਵਿਸ਼ਵੀਕਰਨ ਦੇ ਦੈਂਤ ਨੇ ਸਾਡੇ ਸਮੁੱਚੇ ਪੰਜਾਬੀ ਸੱਭਿਆਚਾਰ ਨੂੰ ਹੀ ਨਿਗਲ ਲਿਆ ਹੈ ।

ਮੋਬਾਇਲ , ਕੰਪਿਊਟਰ , ਇੰਟਰਨੈਟ , ਅਖਬਾਰ , ਰਸਾਲੇ , ਟੈਲੀਫੋਨ ਤੇ ਟੀ.ਵੀ.ਦੇ ਵਿਭਿੰਨ ਚੈਨਲ , ਮੀਡੀਆ, ਵਿਗਿਆਪਨ ,ਇਸ਼ਤਿਹਾਰਬਾਜ਼ੀ ਅਤੇ ਹੋਰ ਸੰਚਾਰ ਸਹੂਲਤਾਂ ਵਿੱਚ ਖਪਤਕਾਰੀ ਢਾਂਚੇ ਦੇ ਫਿੱਟ ਬੈਠਦੇ ਲਿਭਾਉਣੇ ਦ੍ਰਿਸ਼ ਸਾਡੇ ਪੰਜਾਬੀ ਸੱਭਿਆਚਾਰ ਦੀ ਤਰਜ਼ ਉੱਤੇ ਪਰੋਸੇ /ਦਿਖਾਏ ਜਾ ਰਹੇ ਹਨ । ਇਸ ਤਰ੍ਹਾਂ ਦੇ ਦ੍ਰਿਸ਼ ਸਾਨੂੰ ਵਪਾਰਕ ਕੰਪਨੀਆਂ ਦੀਆਂ ਵਸਤਾਂ ਖਰੀਦਣ ਲਈ ਆਕਰਸ਼ਿਤ ਵੀ ਕਰ ਰਹੇ ਹਨ ਅਤੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਬਦਲ / ਰੂਪਾਂਤਰ ਵੀ ਕਰ ਰਹੇ ਹਨ। ਕਿਉਂਕਿ ਅਜਿਹੇ ਲੁਭਾਉਣੇ ਦ੍ਰਿਸ਼ ਸਾਡੀ ਰੋਜ਼ਮਰਾ ਦੇ ਜੀਵਨ ਨਾਲ ਸੰਬੰਧਤ ਹੁੰਦੇ ਹਨ । ਇਸ ਤਰਾਂ ਦੀਆਂ ਚਾਲਾਂ ਵਿੱਚ ਫਸੀ ਪੰਜਾਬੀ ਲੋਕ ਮਾਨਸਿਕਤਾ ਪੂੰਜੀਵਾਦ ਦੇ ਏਜੰਡੇ ਅਨੁਸਾਰ ਰੂਪ ਧਾਰ ਰਹੀ ਹੈ ।

ਗਲੋਬਲਾਈਜ਼ੇਸ਼ਨ ਤਹਿਤ ਵਾਪਰੀਆਂ ਸੱਭਿਆਚਾਰਕ ਤਬਦੀਲੀਆਂ ਨੇ ਪੰਜਾਬੀ ਲੋਕ-ਗੀਤ-ਸੰਗੀਤ ਨੂੰ ਉਦਯੋਗ ਦੇ ਰੂਪ ਵਿੱਚ ਵਿਕਸਿਤ ਕਰਕੇ ਲੋਕ -ਮਨ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿੱਚ ਲੈ ਲਿਆ ਹੈ । ਵਿਸ਼ਵੀਕਰਨ ਦੀ ਲਪੇਟ ਵਿੱਚ ਆਏ ਸਾਡੇ ਸਮਕਾਲੀ ਲੋਕ ਗਾਇਕਾਂ/ਗੀਤਕਾਰਾਂ / ਨਿਰਮਾਤਾਵਾਂ/ਸਰੋਤਿਆਂ ਨੇ ਮਿਲ ਕੇ ਪੰਜਾਬੀ ਲੋਕ ਗਾਇਕੀ (ਸੱਭਿਆਚਾਰ) ਦੀ ਜੱਖਣਾ ਈ ਪੱਟਣ ਵਿੱਚ ਕੋਈ ਕਸਰ ਨਹੀਂ ਛੱਡੀ । ਲੋਕ ਸੰਗੀਤ, ਲੋਕ ਗੀਤਾਂ ਰਾਹੀਂ ਕਿਸੇ ਵੀ ਕੌਮ ਦੇ, ਕਿਸੇ ਵੀ ਖਿੱਤੇ ਦੇ ਲੋਕਾਂ ਦੇ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਹੈ । ਇਸ ਵਿੱਚੋਂ ਅਸੀਂ ਲੋਕਾਂ ਦੀ ਜ਼ਿੰਦਗੀ ਦੀ ਤਸਵੀਰ ਵੇਖ ਸਕਦੇ ਹਾਂ । ਕੰਨਾਂ 'ਚ ਰਸ ਘੋਲਣ ਵਾਲਾ ਸਾਡਾ ਬਹੁਤ ਹੀ ਮਿੱਠਾ ਤੇ ਸੁਰੀਲਾ ਲੋਕ ਸੰਗੀਤ ਵਪਾਰੀਕਰਨ ਦਾ ਰੂਪ ਧਾਰਨ ਕਰਕੇ ਬੇਇੰਤਹਾ ਬੇਸੁਰੇ ਸ਼ੋਰ ਦਾ ਰੂਪ ਧਾਰਨ ਕਰ ਗਿਆ ਹੈ ।

ਪੁਰਾਤਨ ਪੰਜਾਬੀ ਲੋਕ ਗਾਇਕੀ / ਗਤਿਕਾਰੀ ਵਿੱਚ ਸਾਡੇ ਸੱਭਿਆਚਾਰ ਦਾ ਪ੍ਰਗਟਾਵਾ ਹੁੰਦਾ ਸੀ । ਜਿਸਨੂੰ ਸੁਣਕੇ ਸਾਨੂੰ ਆਪਣੇ ਅਮੀਰ ਵਿਰਸੇ 'ਤੇ ਮਾਣ ਹੁੰਦਾ ਸੀ , ਪ੍ਰੰਤੂ ਅਜੋਕੀ ਪੰਜਾਬੀ ਗਾਇਕੀ /ਗੀਤਕਾਰੀ/ਫਿਲਮਾਂਕਣ ਨੂੰ ਵਿਸ਼ਵੀਕਰਨ ਦੇ ਪਦਾਰਥਵਾਦੀ ਰੁਝਾਣ ਨੇ ਆਪਣੀ ਜਕੜ ਵਿੱਚ ਲੈ ਲਿਆ ਹੈ । ਜਿਸ ਸਦਕਾ ਪੰਜਾਬੀ ਲੋਕ ਗੀਤ / ਸੰਗੀਤ ਹਾਸ਼ੀਏ ਤੇ ਵਿਚਰ ਰਹੇ ਹਨ । ਜਿਆਦਾ ਧਨ ਕਮਾਉਣ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋਏ ਅਜੋਕੇ ਗਾਇਕਾਂ , ਗੀਤਕਾਰਾਂ ਅਤੇ ਨਿਰਮਾਤਾਵਾਂ ਨੇ ਸਾਡੀਆਂ ਪੰਜਾਬੀ ਸੱਭਿਆਚਾਰਕ ਕਦਰਾਂ ਕੀਮਤਾਂ ਮਿੱਟੀ ਘੱਟੇ ਵਿਚ ਰੋਲਣੀਆਂ ਸ਼ੁਰੂ ਕਰ ਦਿੱਤੀਆਂ ਹਨ । ਅੱਜ ਦੀ ਗਾਇਕੀ ਸ੍ਰਵ ਕਾਵਿ ਨਾਲੋਂ ਦ੍ਰਿਸ਼ ਕਾਵਿ ਦੇ ਵਧੇਰੇ ਨੇੜੇ ਹੈ । ਸੁਰ ਦੀ ਥਾਂ ਸ਼ੋਰ ਭਾਰੂ ਹੈ । ਘੁਸਪੈਂਠੀਏ ਅਤੇ ਬੇਸੁਰੇ ਗਾਇਕਾਂ ਦੇ ਗੀਤਾਂ ਵਿੱਚ ਕੰਨ ਰਸ ਦੀ ਥਾਂ ਅੱਖ ਰਸ ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ । ਜਿੱਥੇ ਪਹਿਲਾਂ ਪੰਜਾਬੀ ਖੁਦਬੋਲੀਆਂ ਪਾ ਕੇ ਨੱਚਦੇ -ਟੱਪਦੇ ਸਨ । ਉੱਥੇ ਹੁਣ ਇਹ ਖੁਸ਼ੀ ਦੇ

ਮੌਕਿਆਂ 'ਤੇ ਖੁਦ ਬੋਲੀਆਂ ਜਾਂ ਗੀਤ ਨਹੀਂ ਗਾਉਂਦੇ ਸਗੋਂ ਬੇਸੁਰੇ ਗਾਇਕਾਂ ਦੇ ਗੀਤ C.D,Dvd.,D.J. ਦੇ ਉੱਤੇ ਲਗਾ ਕੇ ਨੱਚਣ ਟੱਪਣ ਦੇ ਆਦੀ ਹੋ ਰਹੇ ਹਨ । ਇਸ ਬੇਸੁਰੇ **ਪੋਪ ਸੱਭਿਆਚਾਰ** ਨੇ ਪੰਜਾਬੀ ਵਿਆਹ , ਸ਼ਾਦੀਆਂ , ਮੇਲੇ-ਤਿਉਹਾਰਾਂ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਗਾਏ ਜਾਂਦੇ **ਲੋਕ-ਗੀਤਾਂ , ਬੋਲੀਆਂ , ਸਿੱਠਣੀਆਂ , ਛੰਦਾਂ, ਘੋੜੀਆਂ ਅਤੇ ਸੁਹਾਗਾਂ ਆਦਿ** ਨੂੰ ਖਤਮ ਕਰਕੇ ਰੱਖ ਦਿੱਤਾ ਹੈ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵੀਂ ਪੀੜ੍ਹੀ ਪੁਰਾਣੇ ਲੋਕ ਗੀਤਾਂ ਦੀਆ ਵਿਭਿੰਨ ਵੰਨਗੀਆਂ ਤੋਂ ਅਣਜਾਨ ਹੋ ਰਹੀ ਹੈ । ਖੁਸ਼ੀ ਦੇ ਮੌਕਿਆਂ ਤੇ ਹਫਤਾ ਪਹਿਲਾਂ ਸ਼ੁਰੂ ਹੋਣ ਵਾਲਾ ਸੱਭਿਆਚਾਰਕ ਮਨੋਰੰਜਨ ਹੁਣ ਕੁਝ ਘੰਟਿਆਂ ਲਈ ਬੇਸੁਰੇ ਸੰਗੀਤ ਦਾ ਰੂਪ ਧਾਰਨ ਕਰ ਗਿਆ ਹੈ । ਖੁਸ਼ੀ ਦੇ ਮੌਕੇ ਵੀ ਮੈਰਿਜ ਪੈਲੇਸ ਸੱਭਿਆਚਾਰ ਵਿੱਚ ਤਬਦੀਲ ਹੋ ਗਏ ਹਨ ।

**" ਫੋਨ ਕੁੜਮਾਂ ਨੂੰ ਤੁਸੀਂ ਕਰਲੋ**
**ਵਿਆਹ ਦਾ ਦਿਨ ਵੀ ਪੱਕਾ ਧਰਲੋ**
**ਟੌਹਰ ਸਾਡੀ ਨੂੰ ਵੇਖ ਸ਼ਰੀਕਾਂ ਸਾਰਾ ਸੜਨਾ ਏ...**
**ਵਿਆਹ ਕਾਕਾ ਜੀ ਦਾ ਆਪਾਂ ਪੈਲੇਸ ਦੇ ਵਿੱਚ ਕਰਨਾ ਏ । (ਰੀਕਾਰਡਿਡ ਗੀਤ )**

**ਮੈਰਿਜ ਪੈਲੇਸ ਸੱਭਿਆਚਾਰ** ਦੀ ਲਪੇਟ ਵਿੱਚ ਆਏ ਖੁਸ਼ੀ ਦੇ ਮੌਕਿਆਂ ਨੇ ਜਿੱਥੇ ਸਾਡੇ ਲੋਕ ਗੀਤਾਂ ਨੂੰ ਨਿਗਲਿਆ ਉੱਥੇ ਸਾਡੇ ਪੰਜਾਬੀ ਲੋਕ-ਨਾਚਾਂ ਨੂੰ ਵੀ ਬਹੁਤ ਵੱਡੀ ਢਾਹ ਲਾਈ । ਫਲਸਰੂਪ ਮੈਰਿਜ ਪੈਲੇਸ ਸੱਭਿਆਚਾਰ ਨੇ **ਆ ਕੈਸਟਰਾ ਸੱਭਿਆਚਾਰ** ਨੂੰ ਜਨਮ ਦਿੱਤਾ । ਆਰਕੈਸਟਰਾ ਸੱਭਿਆਚਾਰ ਨੇ ਸਾਡੇ ਲੋਕ-ਨਾਚਾਂ ਜਿਵੇਂ **ਗਿੱਧਾ,ਭੰਗੜਾ,** ਸੰਮੀ , ਕਿੱਕਲੀ , ਲੁੱਡੀ ਅਤੇ ਧਮਾਲ ਆਦਿ ਨਾਚਾਂ ਨੂੰ ਨਿਗਲ ਕੇ **ਡਿਸਕੋ-ਕਲਚਰ** ਪੈਦਾ ਕਰ ਦਿੱਤਾ ਹੈ । ਇਸ ਡਿਸਕੋ ਸੱਭਿਆਚਾਰ ਵਿੱਚ ਮਦਮਸਤ ਹੋਏ ਪੰਜਾਬੀ ਗਾਇਕ / ਗੀਤਕਾਰ / ਸਰੋਤੇ, ਸੱਭਿਆਚਾਰਕ ਲੋਕ ਗੀਤਾਂ ਅਤੇ ਨਾਚਾਂ ਦੀਆਂ ਵਿਭਿੰਨ ਵੰਨਗੀਆਂ ਦਾ ਘਾਣ ਕਰਨ ਵਿੱਚ ਕਿਧਰੇ ਵੀ ਕੋਈ ਕਸਰ ਨੀ ਛੱਡ ਰਹੇ ।

**" ਮੁੰਡਿਆਂ ਨੂੰ ਚੜ੍ਹਦੀ ਠਾਰੀ ,**
**ਚੜ੍ਹਦੀ ਠਾਰੀ ਉਹਦੀ ਹੀਟ ਤੇ**
**ਮਰਜਾਣੀ ਪਾਉਂਦੀ ਭੰਗੜਾ ,ਅੰਗਰੇਜ਼ੀ ਬੀਟ ਤੇ। " (ਰੀਕਾਰਡਿਡ ਗੀਤ )**

ਖੁਸ਼ੀ ਦੇ ਮੌਕੇ ਜਦੋਂ ਮੈਰਿਜ ਪੈਲੇਸਾਂ ਵਿੱਚ ਮਨਾਏ ਜਾਣ ਲੱਗੇ ਤਾਂ ਪੰਜਾਬੀਆਂ ਦੇ ਖਾਣ ਪੀਣ ਵਿੱਚ ਬਹੁਤ ਵੱਡੀ ਤਬਦੀਲੀ ਵਾਪਰੀ ਹੈ । ਇਸ ਪ੍ਰਭਾਵ ਅਧੀਨ ਹੁਣ ਪੰਜਾਬ ਵਿੱਚ **ਮੈਕਡੋਲਡ** , **ਡੋਮੀਨੋ** ਤੇ ਹੋਰ ਅੰਤਰਰਾਸ਼ਟਰੀ ਚਾਈਨੀਜ਼ ਦੇ ਖਾਣਿਆਂ ਦੀ ਖੁਸ਼ੀ ਦੇ ਮੌਕਿਆਂ ਉੱਤੇ ਭਰਮਾਰ ਵੇਖਣ ਨੂੰ ਮਿਲਦੀ ਹੈ। ਜਿਸਦੇ ਸਿੱਟੇ ਵਜੋਂ ਪੰਜਾਬੀ

ਪਕਵਾਨ **ਲੱਡੂ ,ਜਲੇਬੀ , ਸ਼ੱਕਰਪਾਰੇ ,ਪਕੌੜੀਆਂ , ਬਦਾਣਾਂ** ਆਦਿ ਹੁਣ ਹਾਸ਼ੀਏ ਤੇ ਵਿਚਰ ਕੇ ਬੇਸੁਆਦੇ ਹੋ ਗਏ ਹਨ । ਬਾਜ਼ਾਰ ਦੀ ਰਾਜਨੀਤੀ ਵੇਖੋ-ਅਸੀਂ ਪੰਜਾਬੀ ਘਰ ਵਿੱਚ ਆਲੂ ਖਾਣ ਤੋਂ ਨੱਸਦੇ ਹਾਂ ਅਤੇ ਉਹਨਾਂ ਹੀ ਆਲੂਆਂ ਤੋਂ ਬਣੇ **ਚਿਪਸ,ਕੁਰਕੁਰੇ** ਤੇ ਹੋਰ ਉਤਪਾਦ ਸੁਆਦ ਲੈ-ਲੈ ਕੇ ਖਾਂਦੇ ਹਾਂ । ਪੈਲੇਸ , ਹੋਟਲ , ਰੈਸਟੋਰੈਂਟ ਅਤੇ ਬਜ਼ਾਰ ਦੇ ਮਸਾਲੇਦਾਰ ਸੁਵਾਦੀ ਖਾਧ - ਪਦਾਰਥਾਂ ਦੇ ਸੁਵਾਦ ਵਿੱਚ ਫਸਿਆ ਪੰਜਾਬੀ ਸ਼ੁੱਧ / ਦੇਸੀ ਪੌਸਟਿਕ ਖਾਧ-ਖੁਰਾਕ (**ਮੱਕੀ ਦੀ ਰੋਟੀ,ਸਾਗ , ਦਹੀ , ਲੱਸੀ ,ਮੱਖਣ** ) ਤੇ ਦੇਸੀ ਫਾਸਟ ਫੂਡ (**ਭੁੰਨੀਆਂ ਛੱਲੀਆਂਦੇ ਦਾਣੇ ,ਹੌਲਾਂ ,ਸੇਵੀਆਂ , ਮੂੰਗਫਲੀਆਂ, ਸ਼ਕਰਗੰਦੀਆਂ** ) ਆਦਿ ਨੂੰ ਤਿਆਗ ਕੇ ਅਪੌਸਟਿਕ ਭੋਜਨ ਮੈਗੀ ,ਨਿਊਡਲਜ਼ , ਬਰਗਰ ,ਹੌਟਡੌਗ , ਸੈਂਡਵਿਚ , ਪੀਜ਼ਾ , ਗੋਲ-ਗੱਪੇ , ਦਹੀ ਭੱਲੇ ਆਦਿ ਖਾਣ ਵੱਲ ਰੁਚਿੱਤ ਹੋ ਗਿਆ ਹੈ । ਵਪਾਰਕ ਕੰਪਨੀਆਂ ਦੇ ਹੱਥ ਚੜ੍ਹਿਆ ਸਾਡੀ ਪੰਜਾਬੀ ਗਾਇਕੀ ਦਾ ਫਿਲਮਾਂਕਣ ਵੀ ਸਾਡੇ ਸਾਹਮਣੇ ਪੰਜਾਬੀਆਂ ਦਾ ਅਜਿਹਾ ਬਿੰਬ ਹੀ ਪੇਸ਼ ਕਰ ਰਿਹਾ ਹੈ । " ਪੰਜਾਬੀ ਗਾਇਕੀ ਦੀ ਪੇਸ਼ਕਾਰੀ ਸਮੇਂ ਜਦ ਬਾਹਰੀ ਵਸਤਾਂ ਪਹਿਰਾਵੇ ,ਰਹਿਣੀ ਸਹਿਣੀ , ਭਾਸ਼ਾ ਤੇ ਖਾਣ-ਪੀਣ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਸਭ **MonoCulture** ਨੂੰ ਮਜ਼ਬੂਤ ਕਰਦੇ ਤੱਤ ਸਵਿਕਾਰੇ ਜਾਂਦੇ ਹਨ । ਜਿਵੇਂ ਬੋਲਾਂ ਦੇ ਪੱਧਰ ਤੇ " ਦੁਪੱਟਾ ਤੇਰਾ ਸੱਤ ਰੰਗ ਦਾ " ਜਾਂ ਚੰਨੋ ਦਾ ਜੁਆਨੀ ਵਿੱਚ ਪੈਰ ਪੈ ਗਿਆ " ਦੇ ਫਿਲਮਾਂਕਣ ਸਮੇਂ ਬੋਲ ਨਿਰੋਲ ਪੰਜਾਬੀ ਸੱਭਿਆਚਾਰ ਜਾਂ ਪੰਜਾਬੀ ਭਾਸ਼ਾ ਦੀ ਗਵਾਹੀ ਭਰਦੇ ਹਨ । ਜਦ ਕਿ ਫਿਲਮਾਂਕਣ ਸਮੇਂ ਜੀਨਸ ਸਕਰਟ ਪਾਈਆਂ ਮਾਡਲ,ਇੰਮਪੋਰਟਡ ਗੱਡੀਆਂ,ਹੱਥਾਂ ਵਿੱਚ ਬਰਗਰ ਪੀਜ਼ੇ /ਕੋਕ ਪੈਪਸੀ ਆਦਿ ਮੰਡੀ ਦੀਆਂ ਕੀਮਤਾਂ ਤੇ ਬਾਹਰੀ ਸੱਭਿਆਚਾਰ ਨੂੰ ਦ੍ਰਿੜ ਕਰਵਾਉਂਦੇ ਚਿਹਨ ਵਜੋਂ ਸਾਹਮਣੇ ਆਉਂਦੀਆਂ ਹਨ ਅਜਿਹੀਆਂ ਪੇਸ਼ਕਾਰੀਆਂ ਦੇ ਤਹਿਤ ਫਿਲਮਾਂਕਣ ਰਾਸ਼ਟਰੀ ਨਾ ਹੋ ਕੇ ਅੰਤਰਰਾਸ਼ਟਰੀ ਪੱਧਰ ਦੀ ਪੇਸ਼ਕਾਰੀ ਕਰਦਾ ਹੈ। " (1) ਪ੍ਰਾਈਵੇਟ ਚੈਨਲਾਂ ਉੱਤੇ ਲਾਗਤਾਰ ਬੇਸੁਰੇ ਗਾਇਕਾਂ ਦੇ ਗੀਤਾਂ ਦਾ ਫਿਲਮਾਂਕਣ ਦਿਖਾਇਆ/ਸੁਣਾਇਆ ਜਾ ਰਿਹਾ ਹੈ । ਇਸ ਤਰ੍ਹਾਂ ਇੰਨ੍ਹਾਂ ਪ੍ਰਾਈਵੇਟ ਚੈਨਲਾਂ ਤੇ ਦਿਖਾਏ/ਸੁਣਾਏ ਜਾਂਦੇ ਗੀਤਾਂ ਵਿੱਚ ਭੁਲੇਖਾ ਇਹ ਪਾਇਆ ਜਾ ਰਿਹਾ ਹੈ ਕਿ ਸਾਰੀ ਦੁਨੀਆਂ ਪੰਜਾਬੀ ਗੀਤਾਂ ਦੀ ਦੀਵਾਨੀ ਹੋਈ ਪਈ ਹੈ । ਪਰ ਅਸਲ ਵਿੱਚ ਲੋਕ ਪੱਛਮੀ ਸਾਜ਼ਾਂ ਦੀਆਂ ਭਾਰੀ ਭਰਕਮ ਅਵਾਜ਼ਾਂ ਉੱਤੇ ਝੂਮ ਰਹੇ ਹਨ । ਚੈਨਲਾਂ ਉੱਤੇ ਦਿਖਾਈ / ਸੁਣਾਈ ਜਾਂਦੀ ਅਜਿਹੀ ਬੇਸੁਰੀ ਤੇ ਲੱਚਰ ਗਾਇਕੀ ਦੀ ਪੇਸ਼ਕਾਰੀ ਪੰਜਾਬੀ ਰਹਿਣ-ਸਹਿਣ , ਖਾਣ-ਪੀਣ ਉੱਤੇ ਡੂੰਘਾ ਪ੍ਰਭਾਵ ਪਾ ਰਹੀ ਹੈ । ਜਿਵੇ :-

**" ਅਨਸਲ ਪਲਾਜਾ, A.C ਮਾਰਕਿਟ ਜਾਇਆ ਕਰਾਂਗੇ**
**ਮੈਕਡੋਨਲ ਤੇ ਪੀਜ਼ਾ ਬਰਗਰ ਖਾਇਆ ਕਰਾਂਗੇ**
**ਫੇਰ ਲੋੜ ਨੀ ਪੈਣੀ ਵੇ ਸ਼ਾਮੀ ਘਰ ਦੇ ਖਾਣੇ ਦੀ ...**
**ਵੇ ਮਹੀਆ ਕਰਵਾਲੈ ਤੂੰ ਬਦਲੀ ਲੁਧਿਆਣੇ ਦੀ " (ਰੀਕਾਰਡਿਡ ਗੀਤ )**

ਵਿਸ਼ਵੀਕਰਨ ਦੇ ਦਬਾਅ ਹੇਠ ਆਏ ਪੰਜਾਬੀ ਗਾਇਕੀ ਦੇ ਫਿਲਮਾਂਕਣ ਨੇ ਪੰਜਾਬ ਵਿੱਚ **ਜਿੰਮ -ਕਲਚਰ** ਦੇ ਵੀ ਪੈਰ ਪਸਾਰ ਦਿੱਤੇ ਹਨ । ਪੰਜਾਬੀ ਗਾਇਕੀ ਦੇ ਫਿਲਮਾਂਕਣ ਵਿੱਚਲਾ ਨਾਇਕ ਹਿੰਸਾਤਮਕ ਵਿਅਕਤੀ ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ । ਉਹ ਕਾਗਜ਼ੀ ਪਹਿਲਵਾਨ ਇਕੱਲਾ 20- 20 ਜਾਣਿਆਂ ਉੱਤੇ ਭਾਰੂ ਹੁੰਦਾ ਵਿਖਾਇਆ ਜਾ ਰਿਹਾ ਹੈ । ਵਿਖਾਵਾਕਾਰੀ ਦਿੱਖ ਵਾਲਾ ਇਹ ਨਾਇਕ ਜਿੰਮ -ਕਲਚਰ ਦੀ ਪੈਦਾਵਾਰ ਹੈ । ਨੰਗੀਆਂ ਕ੍ਰਿਪਾਨਾਂ , ਬੰਦੂਖਾਂ,ਪਿਸਤੌਲਾਂ ,ਗੰਡਾਸਿਆਂ ਅਤੇ ਆਪਣੇ ਵਿਖਾਵਾਕਾਰੀ ਸਰੀਰ ਨਾਲ ਆਪਣੀ ਵਿਰੋਧੀ ਧਿਰ 'ਤੇ ਜਿੱਤ ਪ੍ਰਾਪਤ ਕਰਦਾ ਇਹ ਨਾਇਕ ਆਪਣੀ ਮਨ ਪਸੰਦ ਵਸਤੂ ( **ਜ਼ਰ , ਜ਼ੋਰ ਤੇ ਜ਼ਮੀਨ** ) ਨੂੰ ਆਪਣੇ ਕਬਜ਼ੇ ਵਿੱਚ ਲੈਂਦਾ ਹੈ । ਫਿਲਮਾਂਕਣ ਵਿਚਲੇ ਨਾਇਕ ਆਪਣੇ ਸਰੀਰਕ ਪ੍ਰਦਰਸ਼ਨ ਰਾਹੀਂ ਦਰਸ਼ਕ/ਸਰੋਤੇ ਨੂੰ ਭਰਮਾਉਂਦੇ ਹੋਏ ਆਪਣੇ ਜਿਹਾ ਬਣਨ ਲਈ ਉਕਸਾਉਂਦੇ ਹਨ । ਜਿਸ ਦੇ ਸਿੱਟੇ ਵਜੋਂ ਰਾਤੋ - ਰਾਤ ਆਪਣੀ ਸਰੀਰਕ ਸ਼ਕਤੀ ਨੂੰ ਵਧਾਉਣ ਲਈ ਪੰਜਾਬੀ ਨੌਜਵਾਨ ਜਿੰਮ ਕਲਚਰ ਦੀ ਲਪੇਟ ਵਿੱਚ ਆਉਂਦਾ ਹੈ । ਜਿੰਮ ਕਲਚਰ ਦੇ ਜਾਲ ਵਿੱਚ ਫਸਿਆ ਨੌਜਵਾਨ ਸਡੌਲ ਸਰੀਰ ਬਣਾਉਣ ਲਈ ਦੇਸੀ ਪੌਸਟਿਕ ਖੁਰਾਕਾਂ ਤੇ ਦੇਸੀ ਵਰਜ਼ਿਸ਼ਾਂ ਕਰਨ ਤੋਂ ਕੰਨੀ ਕਤਰਾਉਂਦਾ ਨਜ਼ਰ ਆ ਰਿਹਾ ਹੈ । ਵਿਖਾਵਾਕਾਰ ਤੇ ਤਾਕਤੀ ਸਰੀਰ ਲਈ ਸਖਤ ਮੇਹਨਤ ਅਤੇ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ, ਪ੍ਰੰਤੂ ਸੱਤਾ ਪ੍ਰਾਪਤੀ ਕਰਨ ਦੇ ਚਾਹਵਾਨ ਅਤੇ ਜਿੰਮ ਕਲਚਰ ਦੀ ਲਪੇਟ ਵਿੱਚ ਆਏ ਇਸ ਨੌਜਵਾਨ ਕੋਲੋਂ ਏਨਾ ਸਬਰ ਤਾਂ ਹੋ ਹੀ ਨਹੀਂ ਸਕਦਾ । ਇਸ ਲਈ ਉਹ ਰਾਤੋ-ਰਾਤ ਆਪਣੀ ਵਿਖਾਵਾਕਾਰੀ ਦਿੱਖ ਬਣਾਉਣ ਲਈ ਬਹੁਕੌਮੀ-ਕੰਪਨੀਆਂ ਦੇ MassGainers, ਗੋਲੀਆਂ , ਟੀਕਿਆਂ , ਕੈਪਸੂਲਾਂ ਅਤੇ ਪਾਉਡਰਾਂ ਦਾ ਸਹਾਰਾ ਲੈਂਦਾ ਹੈ । " ਜਿਮ ਸਰੀਰ ਦੇ ਵਿਖਾਵਾ ਰੂਪ ਨੂੰ ਤਾਂ ਤਾਕਤ (Promote)ਦਿੰਦਾ ਹੀ ਹੈ , ਨਾਲ ਹੀ ਵੈਲੀਆਂ , ਬੁਲਟਾਂ ਰਾਹੀਂ ਹਿੰਸਾ ਦੀ ਵੀ ਸਮਾਜ ਵਿੱਚ ਝੜੀ ਲਾ ਦਿੰਦਾ ਹੈ ।" (2)

- **ਬੋਤਲ ਜਿਨਾਂ ਨਸ਼ਾ ਜਿੰਮ ਦਾ ਰਹਿੰਦਾ ਯਾਰਾਂ ਨੂੰ । (ਰੀਕਾਰਡਿਡ ਗੀਤ )**
- **ਕਰ ਲਿਆ ਜਿੰਮ ਜੁਆਇਨ ਨੀ ਹੁਣ ਸਾਡਾ ਟਾਇਮ ਨਹੀਂ ਲਗਦਾ । (ਰੀਕਾਰਡਿਡ ਗੀਤ )**

ਅਜਿਹੇ ਬਹੁਤ ਸਾਰੇ ਗੀਤ ਅਤੇ ਉਹਨਾਂ ਦੇ ਫਿਲਮਾਂਕਣ ਜਿੰਮ ਸੱਭਿਅਚਾਰ ਦੀ ਕਮਾਈ ਵਿੱਚ ਚੋਖਾ ਵਾਧਾ ਵੀ ਕਰਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਕੁਦਰਤੀ ਵਰਜਿਸ਼ ਕਰਨ ਤੋਂ ਦੂਰ ਵੀ ਲਿਜਾ ਰਹੇ ਹਨ । ਜਿੰਮ ਕਲਚਰ ਦੇ ਜਾਲ ਵਿੱਚ ਫਸਿਆ ਨੌਜਵਾਨ ਵਰਗ ਮੰਡੀ ਦੀ ਰਾਜਨੀਤੀ ਨੂੰ ਹੋਰ ਵੀ ਰਾਸ ਆਉਂਦਾ ਹੈ । ਸਰੀਰਕ ਸੁੰਦਰਤਾ ਨੂੰ ਵਧਾਓਣ ਲਈ ਬਹੁਕੌਮੀ- ਕੰਪਨੀਆਂ ਨੇ ਅਨੇਕਾਂ ਪ੍ਰਕਾਰ ਦੀਆਂ ਕ੍ਰੀਮਾਂ , ਸਾਬਣਾਂ ,ਪਰਫਿਊਮ , ਫੇਸਵੌਸ਼ ,ਬਰੈਂਡਡ ਕੱਪੜੇ , ਜੁੱਤੀਆਂ ਆਦਿ ਮੰਡੀ ਵਿੱਚ ਵੇਚਣ ਲਈ ਪੇਸ਼ ਕੀਤੀਆਂ ਹਨ । ਸਰੀਰਕ ਸੁੰਦਰਤਾ ਨੂੰ ਪ੍ਰਾਪਤ ਕਰਨ ਲਈ ਪੰਜਾਬੀ ਨੌਜਵਾਨ/ ਮੁਟਿਆਰਾਂ ਸਹਿਜੇ ਹੀ ਇਨ੍ਹਾਂ ਵਸਤਾਂ ਦੇ ਖਰੀਦਦਾਰ ਬਣ ਜਾਂਦੇ ਹਨ । ਟੀ.ਵੀ.ਚੈਨਲਾਂ,ਫਿਲਮਾਂ,

ਲੜੀਵਾਰ ਨਾਟਕਾਂ ਤੇ ਲਭਾਉਣੀਆਂ ਵਿਗਿਆਪਨ ਵਿਧੀਆਂ / ਇਸਤਿਹਾਰਬਾਜ਼ੀ ਰਾਹੀਂ ਪ੍ਰਚੱਲਿਤ ਹੋ ਰਹੀਆਂ ਅਜਿਹੀਆਂ ਵਸਤਾਂ ਨੇ ਪੰਜਾਬ ਦੇ ਰਵਾਇਤੀ ਪੁਸ਼ਾਕ ਪਹਿਨਣ ਦੇ ਮੂਲ ਢੰਗ ਤਰੀਕਿਆਂ ਨੂੰ ਜਬਦਰਸਤ ਢਾਹ ਲਾਈ ਹੈ । ਫੈਸ਼ਨ ਦੇ ਇਸ ਦੌਰ ਵਿੱਚ ਆਧੁਨਿਕ ਡਿਜ਼ਾਇਨਕਾਰ ਨਿੱਤ ਨਵੇਂ ਤੋਂ ਨਵੇਂ ਫੈਸ਼ਨਾਂ ਦੀ ਕਾਢ ਕੱਢ ਕੇ ਅਜੋਕੀ ਨਵੀਂ ਪੀੜ੍ਹੀ ਨੂੰ ਚਕਾਚੌਂਧ ਕਰ ਦਿੱਤਾ ਹੈ । ਜਿੱਥੇ ਪਹਿਲਾਂ ਪੁਰਾਤਨ ਪਹਿਰਾਵਾ ਤਨ ਢਕਣ ਲਈ ਪਾਇਆ ਜਾਂਦਾ ਸੀ ਹੁਣ ਨਵਾਂ ਪਹਿਰਾਵਾ (ਬਰੈਂਡਡ) ਔਰਤ/ ਮਰਦ ਵੱਲੋਂ ਆਪਣੇ ਵਿਰੋਧੀ ਲਿੰਗ ਨੂੰ ਆਕਰਸ਼ਿਤ ਕਰਨ ਲਈ ਪਾਇਆਂ ਜਾਂਦਾ ਹੈ। ਮੰਡੀ ਸੱਭਿਆਚਾਰ ਨੇ ਨਵੀਂ ਪੀੜ੍ਹੀ ਨੂੰ ਦਿਖਾਵੇ ਅਤੇ ਸਟੇਟਸ ਦੀ ਮਿੱਥ ਦਾ ਸ਼ਿਕਾਰ ਬਣਾ ਦਿੱਤਾ ਹੈ । ਅਜਿਹੀਆਂ ਸਥਿਤੀਆਂ ਵਿੱਚ ਉਪਭੋਗੀ ਉਹ ਨਹੀਂ ਖਰੀਦਦਾ ਜੋ ਉਸ ਨੂੰ ਲੋੜ ਹੁੰਦੀ ਹੈ , ਸਗੋਂ ਉਹੀ ਖਰੀਦਦਾ ਹੈ ਜੋ ਉਤਪਾਦਕ ਚਾਹੁੰਦਾ ਹੈ ।

**ਟੌਪ ਜੀਨ ਪਾਈ ਵਾਲ ਕਟਾ ਕੇ..**
**ਫੈਸ਼ਨ ਇਹ ਮੁਟਿਆਰਾਂ ਦੇ**
**ਹਰ ਸੰਡੇ ਨੂੰ ਕਰਦੀਆਂ ਸੌਪਿੰਗ**
**ਸੈਕਟਰ ਵਿੱਚ 17 ਦੇ**
**ਕਾਲਜ ਦੇ ਵਿੱਚ ਕਰਨ ਮਸਤੀਆਂ**
**ਇਹ ਦਿਨ ਮੌਜ ਬਹਾਰਾਂ ਦੇ**
**ਬਹੁਤੀ ਦੇਹਸ਼ਤ ਘੱਟ ਪੜ੍ਹਾਈਆਂ**
**ਪਾਉਂਦੀਆਂ ਮੁੰਡਿਆਂ ਵਿੱਚ ਲੜਾਈਆਂ...**
**ਪੁੱਤ ਜੱਟਾਂ ਦੇ ਪੱਟਤੇ ਫੈਸ਼ਨ ਪਟੇ ਪਟੋਲਿਆਂ ਨੇ । (ਰੀਕਾਰਡਿਡ ਗੀਤ )**

ਮਨੋਰੰਜਨ ਦੇ ਪਰਛਾਵੇਂ ਹੇਠ ਸਾਡੇ ਰਵਾਇਤੀ ਪਹਿਰਾਵੇ ਦਾ ਘਾਣ ਕਰਦੇ ਅਜਿਹੇ ਗੀਤਾਂ ਦੇ ਬੋਲਾਂ ਅਤੇ ਫਿਲਮਾਂਕਣ ਵਿੱਚ ਬਾਹਰੀ ਸੱਭਿਆਚਾਰ ਨੂੰ ਦ੍ਰਿੜ ਕਰਵਾਉਂਦੇ ਚਿਹਨ ਸਾਹਮਣੇ ਆਉਂਦੇ ਹਨ । ਬੋਲਾਂ ਅਤੇ ਫਿਲਮਾਂ -ਕਣ ਦੇ ਅਜਿਹੇ ਦ੍ਰਿਸ਼ਾਂ ਵਿੱਚ ਮਦਮਸਤ ਨਵੀਂ ਪੀੜ੍ਹੀ ਸਾਡੇ ਪੁਰਾਤਨ ਪੰਜਾਬੀ ਪਹਿਰਾਵੇ ਤੋਂ ਕੋਹਾਂ ਦੂਰ ਖੜ੍ਹੀ ਨਜ਼ਰ ਆ ਰਹੀ ਹੈ ।

**ਨਿੱਤ ਬੜੇ ਸ਼ੋਕੀਨ ਹੁੰਦੇ ,ਵਾਲ ਜੇ ਵਾਹ ਕੇ ,ਤੇ ਜੈਲ ਲਗਾ ਕੇ**
**ਸ਼ੀਸ਼ੇ ਦੇ ਮੂਹਰੇ ,ਤੇ ਬਾਪੂ ਘੂਰੇ ,ਟੌਮੀ ਦੀਆਂ ਸ਼ਰਟਾਂ ,ਐਨਕ ਅਰਮਾਨੀ (ਰੀਕਾਰਡਿਡ ਗੀਤ )**

ਜੇਕਰ ਭਾਸ਼ਾ ਦੇ ਪ੍ਰਸੰਗ ਵਿੱਚ ਗੱਲ ਕਰੀਏ ਤਾਂ ਗਲੋਬਲੀ ਤਬਦੀਲੀਆਂ ਨੇ ਛੋਟੇ ਬੱਚੇ ਤੋਂ ਲੈ ਕੇ ਹਰ ਵਰਗ ਦੇ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਹੈ । ਮੋਬਾਇਲ , ਟੀ.ਵੀ. ਚੈਨਲਾਂ , ਇੰਟਰਨੈਟ ਅਤੇ ਪਰਵਾਸ ਨੇ ਸਾਡੀ **ਮਾਤ–ਭਾਸ਼ਾ** ਜਾਂ ਸੱਭਿਆਚਾਰਕ ਚੌਗਿਰਦੇ ਦੀ ਭਾਸ਼ਾ ਨੂੰ ਤਬਦੀਲ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ । ਗਲੋਬਲੀ ਸਥਿੱਤੀਆਂ ਵਿੱਚ ਪੰਜਾਬੀਆਂ ਨੇ ਭਾਸ਼ਾਈ ਸਮੱਸਿਆ ਦਾ ਟਾਕਰਾ ਕਰਨ ਲਈ ਆਪਣੀ ਮਾਤ ਭਾਸ਼ਾ ਵਿੱਚ ਤਬਦੀਲੀ ਅਾਂਕਰ ਲਈਆਂ ਹਨ । ਅਜੋਕੇ ਦੌਰ ਵਿੱਚ ਬੱਚਾ ਵੀ ਆਪਣੀ ਮਾਤ ਭਾਸ਼ਾ ਸਿੱਖਣ ਨਾਲੋਂ ਟੀਵੀ ਦੇ ਕਾਰਟੂਨ ਚੈਨਲਾਂ ਦੀ ਭਾਸ਼ਾ ਅਤੇ ਕੰਪਿਊਟਰ ਦੀਆਂ ਗੇਮਸ ਜਿਵੇਂ **Racing Games , Action Games , Shooting Games, Mission Games -** ਆਦਿ ਰਾਹੀਂ ਪ੍ਰਸਾਰੀ ਜਾ ਰਹੀ ਭਾਸ਼ਾ ਨੂੰ ਸਿੱਖਣ ਲਈ ਉਤਾਵਲਾ ਹੋ ਰਿਹਾ ਹੈ । ਸੂਝਵਾਨ ਵਰਗ ( ਨੌਜਵਾਨ, ਬਜ਼ੁਰਗ ) ਵੀ ਹਿੰਦੀ , ਪੰਜਾਬੀ , ਅੰਗਰੇਜ਼ੀ ਭਾਸ਼ਾ ਦੀ ਖਿਚੜੀ ਬਣਾਕੇ ਸਤਨਾਜਾ ਭਾਸ਼ਾ ਬੋਲਣ ਦਾ ਆਦੀ ਹੋ ਰਿਹਾ ਹੈ। ਰਹਿੰਦੀ ਖੂੰਹਦੀ ਕਸਰ ਅਜੋਕੇ ਪੰਜਾਬੀ ਗੀਤਾਂ ਰਾਹੀਂ ਪ੍ਰਚਾਰੀ ਜਾਂਦੀ **ਪਿੰਗਲਿਸ਼ ਭਾਸ਼ਾ** (ਪੰਜਾਬੀ+ਅੰਗਰੇਜ਼ੀ ) ਨੇ ਕੱਢ ਦਿੱਤੀ,ਜਿਸਦਾ ਸਿੱਟਾ ਇਹ ਨਿਕਲਿਆ ਹੈ ਕਿ ਨਵੀਂ ਪੀੜ੍ਹੀ ਸ਼ੁੱਧ/ ਠੇਠ ਪੰਜਾਬੀ ਭਾਸ਼ਾ ਤੋਂ ਕੋਹਾਂ ਦੂਰ ਵੀ ਹੋ ਰਹੀ ਹੈ ਅਤੇ ਪੰਜਾਬੀ ਭਾਸ਼ਾ ਦੇ ਖਤਮ ਹੋਣ ਦਾ ਖਤਰਾ ਵੀ ਮੰਡਰਾ ਰਿਹ ਹੈ ।

- **ਕਾਲੀਆਂ ਬਾਰੀਆਂ ਵੀ ਗੱਡੀਆਂ ਨੂੰ ਮੈਂ ਲਾਵਾਂ**
  **ਸਪੀਡ ਮੈਂ 220 ਦੀ ਚਲਾਵਾਂ**
  **ਪੁਲਿਸ ਦੇ ਸਾਹਮਣੇ ਮੈਂ ਨਹੀਂ ਰੁਕਦਾ**
  **ਆਈ ਐਮ ਨਾਈਟ ਰਾਈਡਰ ...**
  **ਨੀ ਜੱਟੀਏ ! ਦੂਰ ਤੈਨੂੰ ਲੈ ਜਾ ਨੀ ਅੜੀਏ**
  **ਨੀ ਵੂਫਰ ਤੂੰ ਮੇਰੀ – ਮੇਰੀ**
  **ਮੈਂ ਤੇਰਾ ਐਪਲੀਫਾਈਅਰ – ਫਾਇਰ (ਰੀਕਾਰਡਿਡ ਗੀਤ )**

- **" ਮੌਡੀਫਾਈਡ ਬੁਲਟ ਤੇ ਮੌਡੀਫਾਈਡ ਜਿਪਸੀ**
  **ਕੋਈ ਪੀਏ ਬੀਅਰ ਤੇ ਕੋਈ ਪੀਏ ਵਿਸਕੀ**
  **ਕੌਣ ਲਏ ਪੰਗਾ ਜੱਟ ਪੂਰੇ ਅੱਜ ਰਿਸਕੀ**
  **ਪੈ ਜਾਵੇ ਪੰਗਾ ਨਾ ਪਿੱਛਾ ਛੱਡਦੇ , ਵੈਰੀ ਭੁੱਲ ਜੇ ਅਰਾਮ ਨੂੰ**
  **ਲਗਦੀਆਂ ਮਹਿਫਲਾਂ ਨੇ ਹੋਸਟਲਾਂ ਵਿੱਚ ਬਿਲੋ ਹਰ ਇੱਕ ਸ਼ਾਮ ਨੂੰ..."**
  **(ਰੀਕਾਰਡਿਡ ਗੀਤ )**

ਪਿੰਗਲਿਸ਼ ਭਾਸ਼ਾ ਦੀ ਤਰ੍ਹਾਂ **ਪਿੰਗਲਿਸ਼-ਲਿਪੀ** ਵੀ ਦਿਨੋ-ਦਿਨ ਪੈਦਾ ਹੁੰਦੀ ਨਜ਼ਰ ਆ ਰਹੀ ਹੈ ਜਿਵੇਂ **Sਡਾ ਪੰjab,ETC,ਪੰਜਾਬੀ,ਆਦਿ** । ਵਿਸ਼ਵੀਕਰਨ ਦੀ ਤੇਜ਼ ਹਨੇਰੀ ਨੇ ਜਿਥੇ ਸਾਡੀਆਂ ਸੱਭਿਆਚਾਰਕ ਕਦਰਾਂ ਕੀਮਤਾਂ , ਸ਼ੁੱਧ/ਠੇਠ ਭਾਸ਼ਾ ਨੂੰ ਖੋਰਾ ਲਾਇਆ ਹੈ । ਉੱਥੇ ਨਵੀਂ ਪੀੜ੍ਹੀ ਪ੍ਰਦੇਸ਼ਾਂ ਵੱਲ ਕੂਚ ਕਰ ਰਹੀ ਹੈ । ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਆਪਣਾ ਭਵਿੱਖ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿੱਚ ਹੀ ਸੁਰੱਖਿਅਤ ਨਜ਼ਰ ਆ ਰਿਹਾ ਹੈ । ਸਿੱਟੇ ਵਜੋਂ ਅੱਜ ਦੀ ਨਵੀਂ ਪੰਜਾਬੀ ਪੀੜ੍ਹੀ ਸਮੱਚੇ ਰੂਪ ਵਿੱਚ ਪਰਵਾਸ ਲਈ ਹਰ ਤਰ੍ਹਾਂ ਦੇ ਜਾਇਜ਼- ਨਜ਼ਾਇਜ ਹੱਥ ਕੰਡੇ ਵਰਤ ਰਹੀ ਹੈ ।

**"ਪਹਿਲੀ ਵਹੁਟੀ ਨਾਲ ਭਾਵੇਂ ਹੋਇਆ ਹੋਵੇ ਵੇ ਤਲਾਕ**
**ਮੈਨੂੰ ਮੁੰਡਾ ਮਨਜ਼ੂਰ ਜੋ ,ਦੋ ਬੱਚਿਆਂ ਦਾ ਬਾਪ**
**ਮੈਂ ਤਾਂ ਲਾਵਾਗੀਂ ਦਹਾਜੂ ਨੂੰ ਵੀ ਜਰ ਜੀਜਿਆ...**
**ਮੈਨੂੰ ਲੱਭ ਦੇ ਕਨੇਡਾ ਵਾਲਾ ਵਰ ਜੀਜਿਆ ..." (ਰੀਕਾਰਡਿਡ ਗੀਤ )**

ਇਸ ਤਰ੍ਹਾਂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਨੂੰ ਜਿੰਦਾ ਰੱਖਣ ਵਾਲੇ ਵਰਤਾਰੇ ਪੰਜਾਬੀਆਂ ਕੋਲੋਂ ਦਿਨੋ-ਦਿਨ ਖੁਸਦੇ ਜਾ ਰਹੇ ਹਨ । ਸੋ ਲੋੜ ਹੈ ਸਾਨੂੰ ਅਜਿਹਾ ਵਰਗ ਪੈਦਾ ਕਰਨ ਦੀ ਜਿਸ ਰਾਹੀਂ ਪੰਜਾਬੀ ਭਾਸ਼ਾ ਦੇ ਸਵਰਣ ਪੁੱਤਰ,ਪੰਜਾਬ ,ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਨੂੰ ਬਚਾਉਣ ਲਈ ਠੋਸ ਕਦਮ ਪੁੱਟਣ । ਸਾਨੂੰ ਚਾਹੀਦਾ ਹੈ ਕਿ ਅਸੀਂ ਦੂਜੇ ਸੱਭਿਆਚਾਰਾਂ ਦਾ ਉਹੀ ਪ੍ਰਭਾਵ ਕਬੂਲੀਏ ਜਿਸ ਨਾਲ ਅਸੀਂ ਤੇ ਸਾਡਾ ਸੱਭਿਆਚਾਰ ਹੋਰ ਮਜ਼ਬੂਤ ਹੋਵੇ, ਪਰ ਅਸੀਂ ਜੜ੍ਹੋਂ ਨਾ ਉਖੜੀਏ ।

## ਹਵਾਲੇ ਤੇ ਟਿੱਪਣੀਆਂ -


(1) ਹਰਿੰਦਰ ਕੌਰ ਸੋਹਲ : ਖੋਜ ਦਰਪਣ , ਜਿਲਦ -31 ,2008,ਮੀਡੀਆ ਤੇ ਪੰਜਾਬੀ ਗਾਇਕੀ , ਪੰਨਾ-112.

(2) ਤਸਕੀਨ,ਹੁਣ-19, ਸਤੰਬਰ-ਦਸੰਬਰ 2011,ਮੰਡੀ ਸੱਭਿਆਚਾਰ 'ਚ ਬਠਿੰਡਾ ਮਾਰਕਾ ਗਾਇਕੀ,ਪੰਨਾ-120.